**Series GEFH1/C**

**SET ~ 2**

**Q.P. Code 221/C/2**

Roll No.

Candidates must write the Q.P. Code on the title page of the answer-book. ⁎

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

| ***ਨੋਟ: / NOTE :*** |
|---|
| (i) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **15** ਪੰਨੇ ਹਨ । Please check that this question paper contains **15** printed pages. |
| (ii) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । Q.P. Code given on the right hand side of the question paper should be written on the title page of the answer-book by the candidate. |
| (iii) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ । Please check that this question paper contains **30** questions. |
| (iv) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । Please write down the serial number of the question in the answer-book before attempting it.** |
| (v) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

## *ਵਿਆਪਕ ਨਿਰਦੇਸ਼ :*

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ* **30** *ਪ੍ਰਸ਼ਨ ਹਨ ।* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

*(ii)* *ਪ੍ਰਸ਼ਨ ਪੱਤਰ* ***ਪੰਜ*** *ਖੰਡਾਂ ਵਿਚ ਵੰਡਿਆ ਹੋਇਆ ਹੈ –* ***ਖੰਡ ਕ, ਖ, ਗ, ਘ*** *ਅਤੇ* ***ਙ*** *।*

*(iii)* ***ਖੰਡ ਕ*** *ਵਿਚ ਪ੍ਰਸ਼ਨ ਸੰਖਿਆ* ***1*** *ਤੋਂ* ***12*** *ਬਹੁਵਿਕਲਪੀ (MCQ) ਪ੍ਰਕਾਰ ਦੇ* ***ਇਕ-ਇਕ*** *ਅੰਕ ਦੇ ਪ੍ਰਸ਼ਨ ਹਨ ।*

*(iv)* ***ਖੰਡ ਖ*** *ਵਿਚ ਪ੍ਰਸ਼ਨ ਸੰਖਿਆ* ***13*** *ਤੋਂ* ***18*** *ਤਕ ਛੋਟੇ ਉੱਤਰ (SA) ਪ੍ਰਕਾਰ ਦੇ* ***ਦੋ-ਦੋ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* **50** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

*(v)* ***ਖੰਡ ਗ*** *ਵਿਚ ਪ੍ਰਸ਼ਨ ਸੰਖਿਆ* ***19*** *ਤੋਂ* ***23*** *ਤਕ ਲੰਬੇ ਉੱਤਰ (LA) ਪ੍ਰਕਾਰ ਦੇ* ***ਚਾਰ-ਚਾਰ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* **100** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

*(vi)* ***ਖੰਡ ਘ*** *ਵਿਚ ਪ੍ਰਸ਼ਨ ਸੰਖਿਆ* ***24*** *ਤੋਂ* ***26*** *ਤਕ ਅੰਸ਼ (ਪੈਰੇ), ਕਾਰਟੂਨ ਅਤੇ ਮਾਨਚਿੱਤਰ ਅਧਾਰਿਤ ਪ੍ਰਸ਼ਨ ਹਨ ।*

*(vii)* ***ਖੰਡ ਙ*** *ਵਿਚ ਪ੍ਰਸ਼ਨ ਸੰਖਿਆ* ***27*** *ਤੋਂ* ***30*** *ਤਕ ਲੰਬੇ ਉੱਤਰ (LA) ਪ੍ਰਕਾਰ ਦੇ* ***ਛੇ-ਛੇ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* **170** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

*(viii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਇਨ੍ਹਾਂ ਪ੍ਰਸ਼ਨਾਂ ਵਿਚੋਂ ਸਿਰਫ* ***ਇਕ*** *ਹੀ ਪ੍ਰਸ਼ਨ ਦਾ ਉੱਤਰ ਲਿਖਿਆ ਜਾਏ ।*

*(ix)* *ਇਸ ਤੋਂ ਇਲਾਵਾ, ਹਰ ਇਕ ਖੰਡ ਅਤੇ ਪ੍ਰਸ਼ਨ ਨਾਲ, ਜਿਥੇ ਲੋੜ ਹਨ, ਨਿਰਦੇਸ਼ ਦਿਤੇ ਗਏ ਹਨ ।*

## ਖੰਡ ਕ

*ਪ੍ਰਸ਼ਨ ਸੰਖਿਆ **1** ਤੋਂ **12** ਤਕ ਬਹੁਵਿਕਲਪੀ (MCQ) ਪ੍ਰਕਾਰ ਦੇ **ਇਕ-ਇਕ** ਅੰਕ ਦੇ ਪ੍ਰਸ਼ਨ ਹਨ ।*

*12×1=12*

*ਪ੍ਰਸ਼ਨ ਸੰਖਿਆ 1 ਦੇ ਲਈ, ਦੋ ਕਥਨ ਦਿਤੇ ਗਏ ਹਨ — ਜਿਨ੍ਹਾਂ ਵਿਚੋਂ ਇਕ ਨੂੰ ਦਰਿੜਕਥਨ (A) ਅਤੇ ਦੂਸਰੇ ਨੂੰ ਕਾਰਨ (R) ਰਾਹੀਂ ਦਰਸਾਇਆ ਗਿਆ ਹੈ । ਇਨ੍ਹਾਂ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਦਿਤੇ ਵਿਕਲਪਾਂ (a), (b), (c) ਅਤੇ (d) ਵਿਚੋਂ ਉੱਤਰ ਦੇ ਰੂਪ ਵਿਚ ਸਹੀ ਵਿਕਲਪ ਚੁਣੋ ।*

**1.** *ਦਰਿੜਕਥਨ (A) :* 2014 ਤੋਂ ਪਿਛੋਂ ਭਾਰਤੀ ਰਾਜਨੀਤੀ ਵਿਚ ਪ੍ਰਮੁਖ ਪਰਿਵਰਤਨ, ਜਾਤੀ ਅਤੇ ਧਰਮ-ਅਧਾਰਿਤ ਰਾਜਨੀਤੀ ਤੋਂ ਵਿਕਾਸ ਅਤੇ ਸ਼ਾਸਨ ਅਧਾਰਤ ਰਾਜਨੀਤੀ ਵਲ ਜਾਣਾ ਸੀ ।

*ਕਾਰਨ (R) :* ਏਨ.ਡੀ.ਏ. III ਦੀ ਸਰਕਾਰ ਨੇ ਜਨਤਾ ਦੇ ਲਈ ਆਰਥਿਕ-ਸਮਾਜਿਕ ਕਲਿਆਣ ਦੀਆਂ ਕਈ ਯੋਜਨਾਵਾਂ ਨੂੰ ਸ਼ੁਰੂ ਕੀਤਾ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਕਰਦਾ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R) ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਕਰਦਾ ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**2.** ਹੇਠ ਲਿਖਿਆਂ ਘਟਨਾਵਾਂ ਨੂੰ ਉਨ੍ਹਾਂ ਦੇ ਘਟਨਾ ਕਾਲ ਦੇ ਕ੍ਰਮਾਨੁਸਾਰ ਵਿਵਸਥਿਤ ਕਰੋ :

(i) ਲੋਕ ਸਭਾ ਚੁਨਾਵ ਜਿਸ ਤੋਂ ਪਿੱਛੋਂ ਸੰਜੁਗਤ ਪ੍ਰਗਤੀਸ਼ੀਲ ਗਠਬੰਧਨ (UPA) ਕੇਂਦਰ ਵਿਚ ਸੱਤਾ ਵਿੱਚ ਆਇਆ ।

(ii) ਬਹੁਜਨ ਸਮਾਜ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿਚ ਪਹਿਲੀ ਵਾਰ ਵਰਣਨ ਯੋਗ ਸਫਲਤਾ ਪ੍ਰਾਪਤ ਹੋਈ ।

(iii) ਮੰਡਲ ਆਯੋਗ ਨੇ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ ।

(iv) ਐਚ.ਡੀ. ਦੇਵਗੌੜਾ ਭਾਰਤ ਦੇ ਪ੍ਰਧਾਨ ਮੰਤਰੀ ਬਣੇ ।

ਸਹੀ ਵਿਕਲਪ ਚੁਣੋ ।

(a) (i), (ii), (iii), (iv)
(b) (i), (iii), (ii), (iv)
(c) (iii), (ii), (iv), (i)
(d) (iv), (iii), (ii), (i)

3. ਕਿਸ ਸਾਲ ਵਿਚ ਚੀਨ ਨੇ ਤਿੱਬਤ ਨੂੰ ਆਪਣੇ ਕੰਟਰੋਲ ਵਿਚ ਲਿਆ ਸੀ ?

(a) 1950 (b) 1956

(c) 1962 (d) 1968

4. ਪਰੰਪਰਾਗਤ ਸੁਰਖਿਆ ਦੀ ਧਾਰਨਾ ਦੇ ਅਨੁਸਾਰ, ਕਿਸੇ ਦੇਸ਼ ਦੀ ਸੁਰਖਿਆ ਨੂੰ ਹੇਠ ਲਿਖਿਆਂ ਵਿਚ ਕਿਸ ਇਕ ਤੋਂ ਸਭ ਤੋਂ ਜ਼ਿਆਦਾ ਖਤਰਾ ਹੈ ?

(a) ਸੀਮਾਂ ਦੇ ਬਾਹਰ ਤੋਂ ਮਿਲਟਰੀ ਦਾ ਹਮਲਾ

(b) ਆਰਥਿਕ ਸੰਕਟ ਤੋਂ

(c) ਜਨਸੰਖਿਆ ਬਿਸਫੋਟ ਤੋਂ

(d) ਮਹਾਂਮਾਰੀਆਂ ਤੋਂ

5. ਹੇਠ ਲਿਖੀਆਂ ਵਿਚੋਂ ਕਿਹੜੀ ਸੰਯੁਕਤ ਰਾਸ਼ਟਰ ਦੀ ਕੋਈ ਏਜੰਸੀ ***ਨਹੀਂ*** ਹੈ ?

(a) ਅੰਤਰਰਾਸ਼ਟਰੀ ਮਜ਼ਦੂਰ (ਲੇਬਰ) ਸੰਗਠਨ

(b) ਯੂਨੇਸਕੋ (UNESCO)

(c) ਅੰਤਰਰਾਸ਼ਟਰੀ ਨਿਆਂ ਦੀ ਕਚਹਿਰੀ (Court of Justice)

(d) ਯੂਨਿਸੇਫ (UNICEF)

6. ਸੋਵਿਅਤ ਮਾਡਲ ਤੇ ਅਧਾਰਿਤ ਚੀਨ ਦੀ ਅਰਥਵਿਵਸਥਾ ਦੇ ਸੰਬੰਧ ਵਿਚ ਗਲਤ ਨੂੰ ਪਛਾਣੋ ।

(a) ਸਾਰੇ ਨਾਗਰਿਕਾਂ ਨੂੰ ਰੁਜ਼ਗਾਰ ਸੁਨਿਸ਼ਚਿਤ ਕੀਤੇ ਗਏ ।

(b) ਬੇਹਤਰ ਸਿਹਤ ਦਾ ਨਿਸ਼ਚਾ ਨਹੀਂ ਦਿਤਾ ਗਿਆ ।

(c) ਚੀਨ ਕਈ ਵਿਕਾਸਸ਼ੀਲ ਦੇਸ਼ਾਂ ਤੋਂ ਅਗੇ ਨਿਕਲ ਗਿਆ ।

(d) ਸਮਾਜ ਕਲਿਆਣ ਦੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ।

7. ਸਿਤੰਬਰ 1961 ਵਿਚ, ਗੁਟਨਿਰਪੇਖ ਅੰਦੋਲਨ ਦਾ ਪਹਿਲਾਂ ਸੰਮੇਲਨ ਕਿਥੇ ਹੋਇਆ ਸੀ ?

(a) ਨਵੀਂ ਦਿੱਲੀ

(b) ਕਾਹਿਰਾ

(c) ਜਕਾਰਤਾ

(d) ਬੇਲਗ੍ਰੇਡ

8. 1953 ਵਿਚ ਰਾਜ ਪੁਨਰਗਠਨ ਆਯੋਗ ਦਾ ਗਠਨ ਕਿਸ ਲਈ ਕੀਤਾ ਗਿਆ ਸੀ ?

(a) ਕੇਂਦਰ ਸ਼ਾਸਿਤ ਖੇਤਰਾਂ ਦੇ ਨਿਰਮਾਣ ਦੀ ਸਿਫਾਰਿਸ਼ ਦੇ ਲਈ

(b) ਰਾਜਾਂ ਦੀ ਸੀਮਾਂ ਦੁਆਰਾ ਨਿਰਧਾਰਤ ਕਰਨ ਦੇ ਲਈ

(c) ਰਜਵਾੜਿਆ ਨੂੰ ਭਾਰਤ ਵਿਚ ਵਿਲੀਨ ਕਰਨ ਦੇ ਲਈ

(d) ਸਿਰਫ ਬ੍ਰਿਟਿਸ਼ ਸ਼ਾਸਨ ਦੇ ਅਧੀਨ ਪ੍ਰਾਂਤਾਂ ਦੇ ਪੁਨਰਗਠਨ ਦੇ ਲਈ

9. ਭਾਰਤ ਦਾ ਪਹਿਲਾ ਉਪ-ਪ੍ਰਧਾਨ ਮੰਤਰੀ ਕੌਣ ਸੀ ?

(a) ਸਰਦਾਰ ਪਟੇਲ

(b) ਮੋਰਾਰਜੀ ਦੇਸਾਈ

(c) ਚੌ. ਚਰਣ ਸਿੰਘ

(d) ਸੀ. ਰਾਜਗੋਪਾਲਾਚਾਰੀ

10. ਹੇਠ ਲਿਖਿਆਂ ਵਿਚੋਂ ਕਿਹੜਾ ਦੇਸ਼ ਆਸਿਆਨ (ASEAN) ਦੇ ਸੰਸਥਾਪਕ ਦੇਸ਼ਾਂ ਵਿਚੋਂ ***ਨਹੀਂ*** ਸੀ ?

(a) ਸਿੰਗਾਪੁਰ

(b) ਥਾਇਲੈਂਡ

(c) ਇੰਡੋਨੇਸ਼ਿਆ

(d) ਵਿਯਤਨਾਮ

11. ਯੂਰੋਪੀ ਸੰਘ ਦੇ ਝੰਡੇ ਵਿਚ ਬਣੇ ਸੋਨੇ ਦੇ ਰੰਗ ਦੇ ਸਿਤਾਰਿਆਂ ਦਾ ਘੇਰਾ __________ ਦਾ ਪ੍ਰਤੀਕ ਹੈ ।

(a) ਏਕਤਾ ਅਤੇ ਸ਼ਕਤੀ

(b) ਸ਼ਾਂਤੀ ਅਤੇ ਸੁਹਿਰਦਤਾ

(c) ਏਕਤਾ ਅਤੇ ਵਖੇਵਾਂ

(d) ਏਕਤਾ ਅਤੇ ਮੇਲ-ਮਿਲਾਪ

12. ਹੇਠ ਲਿਖਿਆਂ ਵਿਚੋਂ ਕਿਹੜਾ ਦੇਸ਼ ‘ਦੱਖਣੀ ਏਸ਼ੀਆ’ ਵਿਚ ਸ਼ਾਮਿਲ ***ਨਹੀਂ*** ਹੈ ?

(a) ਭੂਟਾਨ

(b) ਨੇਪਾਲ

(c) ਚੀਨ

(d) ਪਾਕਿਸਤਾਨ

## ਖੰਡ ਖ

13. ਆਜ਼ਾਦੀ ਦੇ ਪਿਛੋਂ ਪਹਿਲੀ ਵਾਰ ਕਿਸੇ ਗੈਰ-ਕਾਂਗਰਸੀ ਰਾਜਨੀਤਿਕ ਦਲ ਨੇ ਕਦੋਂ ਅਤੇ ਕਿਸ ਰਾਜ ਵਿਚ ਸਰਕਾਰ ਬਣਾਈ ? ਉਸ ਰਾਜਨੀਤਿਕ ਦਲ ਦਾ ਨਾਮ ਵੀ ਲਿਖੋ । *1+1=2*

14. ਦੋ ਉਦਾਹਰਣਾਂ ਦੀ ਸਹਾਇਤਾ ਨਾਲ ਦਰਸਾਓ ਕਿ ਭਾਰਤ ਨੂੰ ਰੂਸ ਦੇ ਨਾਲ ਆਪਣੇ ਸੰਬੰਧਾਂ ਤੋਂ ਲਾਭ ਪਹੁੰਚਦਾ ਹੈ । *2×1=2*

15. ਯੂਰੋਪੀ ਸੰਘ ਦੀ ਮਿਲਟਰੀ ਸ਼ਕਤੀ ਦਾ ਮੁਲੰਕਣ ਕਰੋ । *2*

16. 1964 ਵਿਚ ਭਾਰਤੀ ਕਮਯੁਨਿਸਟ ਪਾਰਟੀ ਦੀ ਵੰਡ ਦੇ ਕਾਰਨ ਨੂੰ ਸਪਸ਼ਟ ਕਰੋ । *2*

17. 'ਬ੍ਰਿਕਸ (BRICS)' ਦਾ ਵਿਸਤਾਰ ਰੂਪ ਲਿਖੋ ਅਤੇ ਇਸਦੇ ਮੁੱਖ ਉਦੇਸ ਨੂੰ ਉਜਾਗਰ ਕਰੋ । *1+1=2*

18. ਮੁਸਲਿਮ ਲੀਗ ਰਾਹੀਂ ਪੇਸ਼ 'ਦੋ-ਰਾਸ਼ਟਰ ਦੇ ਸਿਧਾਂਤ' ਦੀ ਵਿਆਖਿਆ ਕਰੋ । *2*

## ਖੰਡ ਗ

19. ਯੂਨੇਸਕੋ (UNESCO) ਦਾ ਵਿਸਤਾਰ ਰੂਪ ਲਿਖੋ । ਇਸਦੇ ਕਿਸੇ ਦੋ ਕਮਾਂ ਦਾ ਵਰਣਨ ਕਰੋ । *1+3=4*

20. ਭਾਰਤ ਵਿਚ 1960 ਦੇ ਦਹਾਕੇ ਨੂੰ 'ਖਤਰਨਾਕ ਦਹਾਕਾ' ਦੇ ਰੂਪ ਵਿਚ ਕਹੇ ਜਾਣ ਦੇ ਲਈ ਜੁੰਮੇਵਾਰ ਸ਼ੰਕਾਵਾਂ ਤੇ ਰੋਸ਼ਨੀ ਪਾਓ । *4*

21. ਕੀ ਇਹ ਸਹੀ ਹੈ ਕਿ ਵੀਟੋ ਪਾਵਰ ਦਾ ਅਧਿਕਾਰ ਸੰਯੁਕਤ ਰਾਸ਼ਟਰ ਸੁਰਖਿਆ ਪ੍ਰੀਸ਼ਦ ਦੇ ਸਿਰਫ ਪੰਜ ਸਥਾਈ ਮੈਂਬਰਾਂ ਨੂੰ ਹੀ ਦਿੱਤਾ ਜਾਏ ? ਕਿਸੇ ਦੋ ਢੁਕਵੀਆਂ ਦਲੀਲਾਂ ਨਾਲ ਆਪਣੇ ਉੱਤਰ ਦੀ ਪੁਸ਼ਟੀ ਕਰੋ । *2×2=4*

22. ਵੰਡ ਦੇ ਸਮੇਂ ਬ੍ਰਿਟਿਸ਼ ਇੰਡੀਆ ਦੇ ਦੋ ਮੁਸਲਮਾਨ ਬਹੁ ਗਿਣਤੀ ਦੇ ਪ੍ਰਾਂਤਾਂ (ਪੰਜਾਬ ਅਤੇ ਬੰਗਾਲ) ਦੀ ਸਮਸਿਆ ਨੂੰ ਉਜਾਗਰ ਕਰੋ । ਇਸ ਸਮਸਿਆ ਦੇ ਹੱਲ ਦਾ ਵਿਸ਼ਲੇਸ਼ਣ ਕਰੋ । *2+2=4*

**23.** ਭਾਰਤ ਦੇ ਸਭਿਆਚਾਰ ਉਪਰ ਵਿਸ਼ਵੀਕਰਣ ਦੇ ਹੋਏ ਕਿਸੇ ਦੋ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *2×2=4*

**ਖੰਡ ਘ**

**24.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : *4×1=4*

1977 ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ । ਇਸ ਸਰਕਾਰ ਨੇ ਘੋਸ਼ਣਾ ਕੀਤੀ ਕਿ ਸੱਚੀ ਗੁਟਨਿਰਪੇਖ ਨੀਤੀ ਦਾ ਪਾਲਣ ਕੀਤਾ ਜਾਵੇਗਾ । ਇਸ ਤੋਂ ਪਿਛੋਂ ਦੀਆਂ ਸਾਰੀਆਂ ਸਰਕਾਰਾਂ ਨੇ (ਕਾਂਗਰੇਸੀ ਜਾਂ ਗੈਰ ਕਾਂਗਰੇਸੀ) ਚੀਨ ਦੇ ਨਾਲ ਬੇਹਤਰ ਸੰਬੰਧ ਬਨਾਣ ਅਤੇ ਅਮੇਰਿਕਾ ਦੇ ਨਾਲ ਨਜ਼ਦੀਕੀ ਸੰਬੰਧ ਬਨਾਣ ਦੀ ਪਹਿਲ ਕੀਤੀ । ਭਾਰਤੀ ਰਾਜਨੀਤੀ ਵਿਚ ਅਤੇ ਆਮ ਤੌਰ ਤੇ ਚਲਣ ਵਾਲੀਆ ਬਹਿਸਾਂ ਵਿਚ ਵੀ ਭਾਰਤ ਦੀ ਵਿਦੇਸ਼ ਨੀਤੀ ਨੂੰ ਖਾਸ ਤੌਰ ਤੇ ਦੋ ਸੰਦਰਭਾਂ ਵਿਚ ਦੇਖਿਆ ਜਾਂਦਾ ਹੈ । 1990 ਤੋਂ ਪਿਛੋਂ ਦੇ ਦੌਰ ਵਿਚ ਅਮੇਰਿਕਾ–ਸਮਰਥਕ ਵਿਦੇਸ਼ ਨੀਤੀ ਅਪਨਾਣ ਦੇ ਲਈ ਸ਼ਾਸਕ ਦਲਾਂ ਦੀ ਅਲੋਚਨਾ ਹੋਈ ਹੈ ।

(i) ਜਨਤਾ ਪਾਰਟੀ ਸਰਕਾਰ ਨੇ ਸੱਚੀ ਗੁਟ ਨਿਰਪੇਖ ਨੀਤੀ ਦਾ ਪਾਲਣ ਕਰਨ ਦੇ ਲਈ ਭਾਰਤੀ ਵਿਦੇਸ਼ ਨੀਤੀ ਵਿਚ ਕੀ ਬਦਲਾਵ ਲਿਆਣ ਦਾ ਫੈਸਲਾ ਕੀਤਾ ?

- (a) ਸੋਵਿਅਤ ਸੰਘ ਦੇ ਵਲ ਝੁਕਾਵ ਨੂੰ ਸਹੀ ਕੀਤਾ ਜਾਏਗਾ ।
- (b) ਭਾਰਤ ਆਪਣਾ ਸ਼ਕਤੀ ਗੁਟ ਬਣਾਏਗਾ ।
- (c) ਭਾਰਤ ਆਪਣੀ ਵਿਦੇਸ਼ ਨੀਤੀ ਵਿਚ ਅਮੇਰਿਕਾ ਦੇ ਵਲ ਝੁਕਾਵ ਦੀ ਨੀਤੀ ਲਿਆਏਗਾ ।
- (d) ਭਾਰਤ ਵਖਰੇ ਰਹਿਣ ਦੀ ਨੀਤੀ ਅਪਣਾਏਗਾ ।

(ii) 1977 ਵਿਚ ਜਨਤਾ ਪਾਰਟੀ ਦੇ ਸ਼ਾਸਨਕਾਲ ਵਿਚ ਹੇਠ ਲਿਖਿਆਂ ਵਿਚੋਂ ਭਾਰਤ ਦੇ ਪ੍ਰਧਾਨ ਮੰਤਰੀ ਕੌਣ ਸਨ ?

(a) ਚੌ. ਚਰਣ ਸਿੰਘ

(b) ਮੋਰਾਰਜੀ ਦੇਸਾਈ

(c) ਚੌ. ਦੇਵੀ ਲਾਲ

(d) ਚੰਦਰਸ਼ੇਖਰ

(iii) 1990 ਦੇ ਦਹਾਕੇ ਵਿਚ ਭਾਰਤੀ ਵਿਦੇਸ਼ ਨੀਤੀ ਵਿਚ ਅਮੇਰਿਕਾ-ਸਮਰਥਕ ਰਣਨੀਤੀ ਅਪਨਾਣ ਦਾ ਕਾਰਨ ਕੀ ਸੀ ?

(a) ਆਰਥਿਕ ਹਿਤ

(b) ਸੈਨਿਕ ਹਿਤ

(c) ਨਯੂਕਲਿਅਰ ਹਿਤ

(d) ਸਭਿਆਚਾਰਕ ਹਿਤ

(iv) ਹੇਠ ਲਿਖੇ ਮੁਦਿਆਂ ਵਿਚੋਂ ਕਿਹੜਾ ਮੁੱਦਾ ਹਮੇਸ਼ਾ ਭਾਰਤ ਦੀ ਵਿਦੇਸ਼ ਨੀਤੀ ਨਾਲ ਨੇੜਿਓ ਜੁੜਿਆ ਰਿਹਾ ਹੈ ?

(a) ਭਾਰਤ-ਸ਼੍ਰੀਲੰਕਾ ਦੇ ਵਪਾਰਕ ਸੰਬੰਧ

(b) ਭਾਰਤ-ਪਾਕਿਸਤਾਨ ਦੇ ਸੰਬੰਧ

(c) ਭਾਰਤ-ਚੀਨ ਦੇ ਸਭਿਆਚਾਰਕ ਸੰਬੰਧ

(d) ਭਾਰਤ-ਜਾਪਾਨ ਦੇ ਪਰਮਾਣੂ ਸੰਬੰਧ

**25.** **ਭਾਰਤ** ਦੇ ਦਿਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 10 ਤੇ) ਵਿਚ ਚਾਰ ਰਾਜਾਂ ਨੂੰ Ⓐ, Ⓑ, Ⓒ ਅਤੇ Ⓓ ਦੇ ਰਾਹੀਂ ਲੇਬਲ ਕੀਤਾ ਗਿਆ ਹੈ । ਹੇਠ ਦਿਤੀ ਗਈ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾਂ ਦੀ ਪਛਾਣ ਕਰੋ ਅਤੇ ਆਪਣੀ ਉੱਤਰ ਪੁਸਤਕ ਵਿਚ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚਲਿਆਂ ਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਮਾਨਚਿੱਤਰ ਵਿਚ ਦਿਤਾ ਗਿਆ ਸੰਬੰਧਤ ਅੱਖਰ, ਹੇਠ ਦਿਤੀ ਸਾਰਣੀ ਅਨੁਸਾਰ ਲਿਖੋ : *4×1=4*

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਮਾਨਚਿਤਰ ਵਿਚ ਦਿਤਾ ਗਿਆ ਸੰਬੰਧਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |

(i) ਉਹ ਰਾਜ ਜਿਸ ਦਾ ਸੰਬੰਧ ਸਮਾਜ ਸੁਧਾਰਕ ਈ.ਵੀ. ਰਾਮਾਸਵਾਮੀ ਪੇਰਿਆਰ ਨਾਲ ਸੀ ।

(ii) ਉਹ ਰਾਜ ਜਿਥੇ ਰਾਜੀਵ ਗਾਂਧੀ – ਲੌਂਗੋਵਾਲ ਸਮਝੌਤੇ ਉਪਰ ਦਸਤਖਤ ਕੀਤੇ ਗਏ ਸਨ ।

(iii) ਉਹ ਰਾਜ ਜਿਸ ਨਾਲ ਲਾਲਡੇਂਗਾ ਦਾ ਸੰਬੰਧ ਸੀ ।

(iv) ਉਹ ਰਾਜ ਜਿਸਦਾ ਸੰਬੰਧ ਭੂਤਪੂਰਵ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਨਾਲ ਸੀ ।

ਪ੍ਰਸ਼ਨ ਸੰ. 25 ਦੇ ਲਈ


ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਿਕ)
D
B
C
A
km
Scale 1:15000,000
km
100500 100 200 300 400 500

**ਨੋਟ:** *ਹੇਠ ਲਿੱਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***25*** *ਦੇ ਥਾਂ ਬਦਲਵੇਂ ਪ੍ਰਸ਼ਨ ਹਨ :* *4×1=4*

(25.1) ਉਸ ਰਾਜ ਦਾ ਨਾਮ ਲਿਖੋ ਜਿਸਦਾ ਸੰਬੰਧ ਸਮਾਜ ਸੁਧਾਰਕ ਈ.ਵੀ. ਰਾਮਾਸਵਾਮੀ ਪੇਰਿਆਰ ਨਾਲ ਸੀ ।

(25.2) ਰਾਜੀਵ ਗਾਂਧੀ – ਲੌਂਗੋਵਾਲ ਸਮਝੌਤਾ ਕਿਸ ਰਾਜ ਦੇ ਬਾਰੇ ਵਿਚ ਹੋਇਆ ਸੀ ?

(25.3) ਕਿਸ ਰਾਜ ਦੀਆਂ ਮੁਸ਼ਕਲਾਂ ਦਾ ਸਮਾਧਾਨ ਕਰਨ ਦੇ ਲਈ ਲਾਲਡੇਂਗਾ ਅਤੇ ਰਾਜੀਵ ਗਾਂਧੀ ਦੇ ਦਰਮਿਆਨ ਸਮਝੌਤੇ ਉਪਰ ਦਸਤਖਤ ਹੋਏ ਸੀ ?

(25.4) ਜੰਮੂ ਅਤੇ ਕਸ਼ਮੀਰ ਰਾਜ ਵਿੱਚੋਂ ਕਿਹੜੇ ਦੋ ਕੇਂਦਰ ਸ਼ਾਸਿਤ ਖੇਤਰ ਬਣਾਏ ਗਏ ?

**26.** ਹੇਠ ਦਿੱਤੇ ਗਏ ਕਾਰਟੂਨ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : *4×1=4*




Surendra, The Hindu

(i) ਦਿੱਤਾ ਗਿਆ ਕਾਰਟੂਨ ਹੇਠ ਲਿਖੇ ਖੇਤਰੀ ਸੰਗਠਨਾਂ ਵਿਚੋਂ ਕਿਸ ਇਕ ਨਾਲ ਸੰਬੰਧਿਤ ਹੈ ?

(a) ਆਸਿਆਨ (ASEAN)

(b) ਬ੍ਰਿਕਸ (BRICS)

(c) ਜੀ-7

(d) ਸਾਰਕ/ਦਕਸ਼ੇਸ਼ (SAARC)

(ii) ਉਸ ਮੈਂਬਰ ਦੇਸ਼ ਦੀ ਪਛਾਣ ਕਰੋ ਜਿਸਦਾ ਨਾਮ ਕਾਰਟੂਨ ਵਿਚ ਨਹੀਂ ਹੈ ।

(a) ਈਰਾਨ

(b) ਅਫਗਾਨਿਸਤਾਨ

(c) ਮਯਾਂਮਾਰ

(d) ਪਾਕਿਸਤਾਨ

(iii) ਕਾਰਟੂਨ ਨਾਲ ਸੰਬੰਧਿਤ ਸੰਗਠਨ ਦਾ ਮੁੱਖ ਉਦੇਸ਼ ਕੀ ਹੈ ?

(a) ਬਹੁ ਸਤਹੀ ਸਾਧਨਾਂ ਨਾਲ, ਮੈਂਬਰ ਰਾਜਾਂ ਵਿਚ ਸਹਿਯੋਗ ਸਥਾਪਤ ਕਰਨਾ ।

(b) ਦੋ ਸਤਹੀ ਸੰਘਰਸ਼ਾਂ ਨੂੰ ਨਿਬਟਾਣਾ ।

(c) ਆਪਸੀ ਸਮਾਜਿਕ ਅਤੇ ਧਾਰਮਿਕ ਸੰਘਰਸ਼ਾ ਦਾ ਹਲ ਕਢਣਾ ।

(d) ਸਾਂਝੇ ਦੁਸ਼ਮਣ ਦੇ ਵਿਰੁਧ ਇਕੱਠੇ ਮਿਲਕੇ ਮੁਕਾਬਲਾ ਕਰਨਾ ।

(iv) ਹੇਠ ਦਿਤੇ ਮੈਂਬਰ ਦੇਸ਼ਾਂ ਵਿਚੋਂ ਕਿਸ ਦੇਸ਼ ਵਿਚ ਚੁਣੀ ਹੋਈ ਸਰਕਾਰ ***ਨਹੀਂ*** ਹੈ ?

(a) ਨੇਪਾਲ

(b) ਮਾਲਦੀਵ

(c) ਭੂਟਾਨ

(d) ਬੰਗਲਾਦੇਸ਼

***ਨੋਟ:*** *ਹੇਠ ਲਿੱਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***26*** *ਦੇ ਥਾਂ ਬਦਲਵੇਂ ਪ੍ਰਸ਼ਨ ਹਨ :* *4×1=4*

(26.1) ਸਾਰਕ (SAARC) ਸੰਬੰਧੀ, ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਹੜਾ ਕਥਨ ਸਹੀ ਹੈ ?

(a) ਇਹ ਇਕ ਮੁੱਖ ਅੰਤਰਰਾਸ਼ਟਰੀ ਪਹਿਲ ਹੈ ।

(b) ਸਹਿਯੋਗ ਦੀ ਸਥਾਪਨਾ ਦੇ ਲਈ ਇਹ ਇਕ ਖੇਤਰੀ ਯਤਨ ਹੈ ।

(c) ਇਸ ਦਾ ਵਿਸਤਾਰ ਨਾਮ (ਰੂਪ) ਹੈ ਸਾਉਥ ਏਸ਼ਿਅਨ ਏਸੋਸਿਏਸ਼ਨ ਫਾਰ ਰਿਵਾਇਵਲ ਆਫ ਕੋਆਪਰੇਸ਼ਨ ।

(d) ਸਾਰਕ (SAARC) ਦਾ ਸਭ ਤੋਂ ਸ਼ਕਤੀਸ਼ਾਲੀ ਮੈਂਬਰ ਦੇਸ਼ ਚੀਨ ਹੈ ।

(26.2) ਸਾਫਟਾ (SAFTA) ਦਾ ਸਹੀ ਵਿਸਤਾਰ ਰੂਪ ਪਛਾਣੋ ।

(a) ਸਾਊਥ ਏਸ਼ਿਅਨ ਫੈਰੋਨ ਟ੍ਰੇਡ ਐਗਰੀਮੈਂਟ

(b) ਸਾਊਥ ਏਸ਼ਿਅਨ ਫਾਇਨੈਂਸ਼ਲ ਟ੍ਰੇਡ ਐਸੋਸੀਏਸ਼ਨ

(c) ਸਾਊਥ ਏਸ਼ਿਅਨ ਫ੍ਰੀ ਟ੍ਰੇਡ ਐਗਰੀਮੈਂਟ

(d) ਸਾਊਥ ਏਸ਼ਿਅਨ ਫ੍ਰੀ ਟ੍ਰੇਵਲ ਐਗਰੀਮੈਂਟ

(26.3) ਹੇਠ ਲਿਖਿਆਂ ਵਿਚੋਂ ਕਿਸ ਦੇਸ ਨੂੰ 'ਦੱਖਣ ਏਸ਼ਿਆ' ਵਿਚ ਸ਼ਾਮਲ ***ਨਹੀਂ*** ਕੀਤਾ ਜਾਂਦਾ ਹੈ ?

(a) ਅਫਗਾਨਿਸਤਾਨ

(b) ਪਾਕਿਸਤਾਨ

(c) ਚੀਨ

(d) ਮਯਾਂਮਾਰ

(26.4) ਨੇਪਾਲ ਨੇ ਨਵੇਂ ਸੰਵਿਧਾਨ ਨੂੰ ਕਿਸ ਸਾਲ ਵਿਚ ਅਪਣਾਇਆ ਸੀ ?

(a) 2014

(b) 2015

(c) 2016

(d) 2017

## ਖੰਡ ੜ

**27.** (a) ਸਵਤੰਤਰਤਾ ਤੋਂ ਪਿੱਛੋਂ ਪਹਿਲੀ ਵਾਰ ਸਵਤੰਤਰ ਅਤੇ ਨਿਰਪੱਖ ਚੋਣਾ ਕਰਵਾਣ ਵਿਚ ਭਾਰਤੀ ਚੁਨਾਵ ਆਯੋਗ ਦੇ ਸਾਹਮਣੇ ਆਈਆਂ ਮੁਸ਼ਕਲਾਂ ਦਾ ਵਿਸ਼ਲੇਸ਼ਣ ਕਰੋ । *6*

**ਜਾਂ**

(b) ਸਵਤੰਤਰਤਾ ਤੋਂ ਪਿੱਛੋਂ ਪਹਿਲੇ ਦੋ ਦਹਾਕਿਆਂ ਦੇ ਦੌਰਾਨ ਭਾਰਤ ਦੀ ਰਾਜਨੀਤੀ ਵਿਚ ਵਿਪਕਸ਼ੀ ਦਲਾਂ ਦੀ ਭੂਮਿਕਾ ਦਾ ਮੁਲੰਕਣ ਕਰੋ । *6*

**28.** (a) ਸੋਵਿਯਤ ਸੰਘ ਵਿਚ ਸੁਧਾਰ ਲਿਆਣ ਲਈ ਗੋਰਬਾਚੇਵ ਰਾਹੀਂ ਅਰੰਭ ਕੀਤੇ ਗਏ ਸੁਧਾਰਾਂ ਦੇ ਕਿਸੇ ਤਿੰਨ ਉਲਟੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *3×2=6*

**ਜਾਂ**

(b) ਸੋਵਿਅਤ ਸੰਘ ਦੇ ਟੁਟਨ ਦੇ ਕਿਸੇ ਤਿੰਨ ਨਤੀਜਿਆਂ ਦਾ ਵਿਸ਼ਲੇਸ਼ਣ ਕਰੋ । *3×2=6*

**29.** (a) 'ਅਨੰਦਪੁਰ ਸਾਹਿਬ ਪ੍ਰਸਤਾਵ' ਵਿਚ ਸ਼ਾਮਲ ਅਕਾਲੀ ਦਲ ਦੀਆਂ ਕਿਸੇ ਚਾਰ ਮੰਗਾਂ ਨੂੰ ਉਜਾਗਰ ਕਰੋ । *6*

**ਜਾਂ**

(b) 1990 ਵਿਚ ਮੰਡਲ ਕਮੀਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਤੇ ਭਾਰਤੀ ਰਾਜਨੀਤੀ 'ਤੇ ਹੋਏ ਕਿਸੇ ਤਿੰਨ ਪ੍ਰਭਾਵਾਂ ਨੂੰ ਉਜਾਗਰ ਕਰੋ । *3×2=6*

**30.** (a) ਭਾਰਤ ਵਿਚ ਵਿਸ਼ਵੀਕਰਣ ਦੇ ਵਿਰੋਧ ਦੇ ਕਿਸੇ ਤਿੰਨ ਕਾਰਨਾਂ ਦਾ ਵਿਸ਼ਲੇਸ਼ਣ ਕਰੋ । *3×2=6*

**ਜਾਂ**

(b) ਕਿਸੇ ਤਿੰਨ ਅੰਤਰਰਾਸ਼ਟਰੀ ਵਾਤਾਵਰਨ ਦੇ ਲਈ ਅੰਦੋਲਨਾਂ ਦੇ ਪ੍ਰਭਾਵਾਂ ਦਾ ਮੁਲੰਕਣ ਕਰੋ । *3×2=6*